ਮਿੱਠੇ ਬੱਚੇ:- "ਮਿੱਠੇ ਬੱਚੇ :- ਤੁਹਾਨੂੰ 100% ਸਰਵਗੁਣਾਂ ਵਿੱਚ ਸੰਪੰਨ ਬਣਨਾ ਹੈ, ਦਿਲ ਦਰਪਣ ਵਿੱਚ ਵੇਖਣਾ ਹੈ ਕਿ ਅਸੀਂ ਕਿੱਥੋਂ ਤੱਕ ਪਾਵਨ ਬਣੇ ਹਾਂ "

ਪ੍ਰਸ਼ਨ:- ਤੁਸੀਂ ਬੱਚੇ ਕਿਹੜਾ ਉੱਤਸਵ ਰੋਜ਼ ਮਨਾਉਂਦੇ ਹੋ ਅਤੇ ਮਨੁੱਖ ਕਿਹੜਾ ਉੱਤਸਵ ਮਨਾਉਂਦੇ ਹਨ?

ਉੱਤਰ:- ਤੁਸੀਂ ਦੈਵੀ ਧਰਮ ਦੀ ਸਥਾਪਨਾ ਦਾ ਮਤਲਬ ਭਾਰਤ ਨੂੰ ਸਵਰਗ ਬਨਾਉਣ ਦਾ ਉੱਤਸਵ ਰੋਜ਼ ਮਨਾਉਂਦੇ ਹੋ, ਰੋਜ ਤੁਹਾਨੂੰ ਮਨੁੱਖ ਤੋਂ ਦੇਵਤਾ ਬਨਾਉਣ ਦੀ ਸੈਪਲਿੰਗ ਲਗਾਉਣੀ ਹੈ। ਉਹ ਮਨੁੱਖ ਤਾਂ ਜੰਗਲ ਦੇ ਕੰਡਿਆਂ ਦੀ ਸੈਪਲਿੰਗ ਲਗਾਉਂਦੇ ਹਨ ਅਤੇ ਨਾਮ ਦਿੰਦੇ ਹਨ ਵਨੋਉੱਤਸਵ। ਤੁਸੀਂ ਕੰਡਿਆਂ ਨੂੰ ਫੁੱਲ ਬਨਾਉਣ ਦਾ ਉੱਤਸਵ ਰੋਜ਼ ਮਨਾਉਂਦੇ ਹੋ। ਤੁਹਾਡੇ ਵਰਗਾ ਉੱਤਸਵ ਹੋਰ ਕੋਈ ਮਨਾ ਨਹੀਂ ਸਕਦਾ।

ਗੀਤ:- ਮੁਖੜਾ ਵੇਖ ਲੈ ਪ੍ਰਾਣੀ...

ਓਮ ਸ਼ਾਂਤੀ। ਇਹ ਕਿਸਨੇ ਕਿਹਾ? ਇੱਥੇ ਤੇ ਹੈ ਹੀ ਬਾਪ ਅਤੇ ਬੱਚਿਆਂ ਦਾ ਸਨਮੁਖ ਮਿਲਣ। ਬੱਚਿਆਂ ਨੂੰ ਹੁਣ ਦਿਵਿਆ ਚਕਸ਼ੂ, ਗਿਆਨ ਦਾ ਤੀਸਰਾ ਨੇਤ੍ਰ ਮਿਲਿਆ ਹੈ - ਵੇਖਣ ਦੇ ਲਈ ਕਿਉਂਕਿ ਪਤਿਤ ਅਤੇ ਪਾਪ ਆਤਮਾਵਾਂ ਤਾਂ ਸਭ ਸਨ। ਪਤਿਤਾਂ ਨੂੰ ਪਾਵਨ ਬਨਾਉਣ ਦੇ ਲਈ ਬਾਪ ਸ਼੍ਰੀ ਮਤ ਦਿੰਦੇ ਹਨ। ਇਹ ਸ਼੍ਰੀਮਤ ਦੇਣ ਵਾਲਾ ਕੌਣ ਹੈ, ਉਨ੍ਹਾਂ ਨੂੰ ਵੀ ਸਮਝਣਾ ਚਾਹੀਦਾ ਹੈ। ਉਹ ਹੀ ਬੋਲਦੇ ਹਨ ਆਤਮਾਵਾਂ ਨੂੰ। ਆਤਮਾ ਜਾਣਦੀ ਹੈ ਮੈਂ ਇਸ ਸ਼ਰੀਰ ਨਾਲ ਚੰਗੇ ਕਰਮ ਕੀਤੇ ਹਨ ਜਾਂ ਬੁਰੇ ਕਰਮ ਕੀਤੇ ਹਨ ਬਾਬਾ ਤੁਸੀਂ ਬੱਚਿਆਂ ਨੂੰ ਸਮਝ ਦਿੰਦੇ ਹਨ। ਇਹ ਤਾਂ ਜਰੂਰ ਹੈ ਸਭ ਪਤਿਤ ਸਨ। ਹੁਣ ਤੁਸੀਂ ਵੇਖੋ ਅਸੀਂ ਕਿੱਥੋਂ ਤੱਕ ਪਾਵਨ ਬਣੇ ਹਾਂ ਅਤੇ ਦੈਵੀਗੁਣ ਧਾਰਨ ਕੀਤੇ ਹਨ? ਦੈਵੀ ਗੁਣ ਧਾਰਨ ਕਰਨ ਵਾਲਾ ਹੈ ਸਰਵਗੁਣਾਂ ਦਾ ਸਾਗਰ, ਉਹ ਬੈਠ ਸਮਝਾਉਂਦੇ ਹਨ। ਮਨੁੱਖ ਤਾਂ ਗਾਉਂਦੇ ਹਨ ਮੁਝ ਨਿਰਗੁਣ ਹਾਰੇ ਵਿੱਚ ਕੋਈ ਗੁਣ ਨਾਹੀਂ। ਖੁਦ ਕਹਿੰਦੇ ਹਨ ਸਾਡੇ ਵਿੱਚ ਗੁਣ ਨਹੀਂ ਹਨ। ਹੁਣ ਤੁਸੀਂ ਬੱਚਿਆਂ ਨੂੰ ਫਿਰ 100 % ਸਰਵਗੁਣ ਸੰਪੰਨ ਬਣਨਾ ਹੈ। ਕਹਿੰਦੇ ਹਨ ਆਪਣੇ ਦਿਲ ਦਰਪਣ ਵਿੱਚ ਵੇਖੋ। ਜਦੋਂ ਸਰਵਗੁਣ ਸੰਪੰਨ ਬਣੋਗੇ ਤਾਂ ਹੀ ਤੁਸੀਂ ਸ਼੍ਰੀ ਲਕਸ਼ਮੀ ਅਤੇ ਸ਼੍ਰੀ ਨਾਰਾਇਣ ਨੂੰ ਵਰ ਸਕੋਗੇ। ਪਹਿਲੇ - ਪਹਿਲੇ ਤਾਂ ਬਾਪ ਦਾ ਪਰਿਚੈ ਦੇਣਾ ਚਾਹੀਦਾ ਹੈ। ਅਜਿਹਾ ਜੋ ਬੇਹੱਦ ਦਾ ਬਾਪ ਹੈ ਜਿਸ ਦੇ ਲਈ ਗਾਉਂਦੇ ਹਨ ਤੁਸੀਂ ਮਾਤ - ਪਿਤਾ... ਉਸ ਪਰਮਪਿਤਾ ਪਰਮਾਤਮਾ ਦੀ ਬੜੀ ਮਹਿਮਾ ਹੈ। ਕਹਿੰਦੇ ਹਨ ਸ਼ਿਵਾਏ ਨਮਾ, ਹੁਣ ਉਹ ਤਾਂ ਸਵਰਗ ਦਾ ਰਚਿਯਤਾ ਹੈ। ਜਰੂਰ ਸਾਨੂੰ ਬਾਪ ਤੋਂ ਸਵਰਗ ਦਾ ਵਰਸਾ ਲੈਣ ਦਾ ਹੱਕ ਹੈ। ਬੇਹੱਦ ਦੇ ਬਾਪ ਦਾ ਵਰਸਾ ਸਵਰਗ ਦੀ ਬਾਦਸ਼ਾਹੀ ਹੈ ਜੋ ਸਾਨੂੰ ਦਿੰਦੇ ਹਨ। ਭਾਰਤ ਨੂੰ ਸਵਰਗ ਦੀ ਬਾਦਸ਼ਾਹੀ ਸੀ, ਹੁਣ ਨਹੀਂ ਹੈ। ਜਰੂਰ ਬਾਪ ਤੋਂ ਹੀ ਮਿਲੀ ਸੀ। ਭਾਰਤ ਹੀ ਸਚਖੰਡ ਬਣਦਾ ਹੈ। ਸੱਚ ਸ਼ਿਵਬਾਬਾ ਦਾ ਇਹ ਜਨਮ ਸਥਾਨ ਹੈ - ਇਹ ਕੋਈ ਨਹੀਂ ਜਾਣਦੇ। ਸ਼ਿਵਰਾਤ੍ਰੀ ਗਾਈ ਜਾਂਦੀ ਹੈ ਉਹ ਕਿਹੜੀ? ਸ਼੍ਰੀਕ੍ਰਿਸ਼ਨ ਦੀ ਵੀ ਰਾਤ੍ਰੀ, ਸ਼ਿਵ ਦੀ ਵੀ ਰਾਤ੍ਰੀ ਵਿਖਾਉਂਦੇ ਹਨ। ਸ਼੍ਰੀਕ੍ਰਿਸ਼ਨ ਦਾ ਤੇ ਮਾਂ ਦੇ ਗਰਭ ਤੋਂ ਜਨਮ ਹੋਇਆ ਹੈ। ਸ਼ਿਵਬਾਬਾ ਦੇ ਲਈ ਜਨਮਅਸ਼ਟਮੀ ਤਾਂ ਅਸਲ ਵਿਚ ਨਹੀਂ ਕਹਾਂਗੇ। ਸ਼ਿਵਬਾਬਾ ਆਉਂਦੇ ਹੀ ਉਦੋਂ ਹਨ ਜਦੋਂ ਬ੍ਰਹਮਾ ਦੀ ਰਾਤ ਹੁੰਦੀ ਹੈ। ਰਾਤ ਦੇ ਬਾਦ ਦਿਨ ਮਤਲਬ ਕਲਯੁੱਗ ਦਾ ਅੰਤ ਅਤੇ ਸਤਿਯੁਗ ਦੀ ਆਦਿ ਹੁੰਦੀ ਹੈ। ਇਸ ਨੂੰ ਕਿਹਾ ਜਾਂਦਾ ਹੈ ਘੋਰ ਹਨੇਰੀ ਰਾਤ। ਇਹ ਬੇਹੱਦ ਦੀ ਗੱਲ ਹੋ ਗਈ। ਹੱਦ ਦੀ ਰਾਤ ਤੇ ਹੁੰਦੀ ਹੀ ਹੈ ਪ੍ਰੰਤੂ ਕਲਯੁੱਗ ਅੰਤ ਨੂੰ ਘੋਰ ਹਨੇਰਾ ਕਿਹਾ ਜਾਂਦਾ ਹੈ। ਗਿਆਨ ਅੰਜਨ ਸਤਿਗੁਰੂ ਦਿੱਤਾ... ਸਤਿਗੁਰੂ ਗਿਆਨ ਸੂਰਜ ਬਾਪ ਨੂੰ ਕਿਹਾ ਜਾਂਦਾ ਹੈ। ਪਹਿਲੇ - ਪਹਿਲੇ ਤਾਂ ਬਾਪ ਅਤੇ ਵਰਸੇ ਦਾ ਪਰਿਚੈ ਦੇਣਾ ਹੈ। ਸਮਝੋ ਕੋਈ ਬਾਦਸ਼ਾਹ ਨੂੰ ਬੱਚਾ ਹੈ ਨਹੀਂ ਹੈ, ਕਿਸੇ ਗਰੀਬ ਦੇ ਬੱਚੇ ਨੂੰ ਗੋਦ ਵਿਚ ਲੈਂਦਾ ਹੈ ਤਾਂ ਬੱਚਾ ਦਿਲ ਵਿਚ ਜਾਣਦਾ ਹੈ ਨਾ ਕਿ ਮੈਂ ਗਰੀਬ ਸੀ, ਹੁਣ ਮੈਂ ਬਾਦਸ਼ਾਹ ਦਾ ਬੱਚਾ ਹਾਂ। ਤੁਸੀਂ ਵੀ ਜਾਣਦੇ ਹੋ ਅਸੀਂ ਰਾਵਣ ਦੇ ਬਣਨ ਨਾਲ ਬਹੁਤ ਗਰੀਬ, ਕੰਗਾਲ ਬਣ ਗਏ ਸੀ। ਹੁਣ ਅਸੀ ਬੇਹੱਦ ਦੇ ਬਾਪ ਦੇ ਬਣੇ ਹਾਂ। ਉਨ੍ਹਾਂ ਤੋਂ ਸਾਨੂੰ ਸਵਰਗ ਦਾ ਵਰਸਾ ਮਿਲਦਾ ਹੈ। ਇਹ ਚੰਗੀ ਤਰ੍ਹਾਂ ਪਰਿਚੈ ਦੇਣਾ ਹੈ ਅਤੇ ਫਿਰ ਲਿੱਖਾ ਕੇ ਲੈਣਾ ਹੈ ਸਾਨੂੰ ਬੇਹੱਦ ਬਾਪ ਤੋਂ ਬੇਹੱਦ ਦਾ ਵਰਸਾ ਮਿਲਦਾ ਹੈ। ਇਹ ਗਿਆਨ ਹੋਰ ਕੋਈ ਦੇ ਨਹੀਂ ਸਕਦਾ। ਸੰਨਿਆਸੀ ਤਾਂ ਘਰ ਬਾਰ ਛੱਡ ਜਾਂਦੇ ਹਨ। ਉਹ ਫਿਰ ਮਾਂ, ਬਾਪ, ਚਾਚਾ, ਮਾਮਾ, ਆਦਿ ਕਹਾਉਣ ਤੋਂ ਨਿਕਲ ਗਏ, ਖਲਾਸ। ਇੱਥੇ ਤਾਂ ਗ੍ਰਹਿਸਥ ਧਰਮ ਦੀ ਗੱਲ ਹੈ। ਇਹ ਗ੍ਰਹਿਸਥ ਧਰਮ ਦਾ ਤਿਆਗ ਕਰਦੇ ਹਨ।

ਤੁਸੀਂ ਬੱਚਿਆਂ ਨੂੰ ਬਾਪ ਸਮਝਾਉਂਦੇ ਹਨ - ਤੁਸੀਂ ਸੋ ਦੇਵੀ - ਦੇਵਤਾ ਗ੍ਰਹਿਸਥ ਧਰਮ ਵਿੱਚ ਸੀ, ਸਰਵਗੁਣ ਸੰਪੰਨ, ਸੰਪੂਰਨ ਨਿਰਵਿਕਾਰੀ ਸੀ ਅਤੇ ਤੁਸੀਂ ਸਵਰਗ ਦੇ ਮਾਲਿਕ ਵੀ ਸੀ। ਫਿਰ ਪੂਜੀਏ ਤੋਂ ਤੁਸੀ ਪੁਜਾਰੀ ਬਣ ਆਪਣੀ ਪੂਜਾ ਵੀ ਕਰਦੇ ਹੋ। ਜਦੋ ਤੁਸੀਂ ਪੂਜੀਏ ਸੋ ਦੇਵੀ - ਦੇਵਤਾ ਹੋ ਤਾਂ ਤੁਹਾਨੂੰ ਉੱਥੇ ਪੂਜਾ ਕਰਨ ਦੀ ਲੋੜ ਨਹੀਂ ਹੈ। ਉਵੇਂ ਹੀ ਭਾਰਤ ਦੇਵੀ - ਦੇਵਤਿਆਂ ਦਾ ਪੂਜੀਏ ਕੁੱਲ ਸੀ। ਹੁਣ ਪੂਜੀਏ ਤੋਂ ਪੁਜਾਰੀ ਬਣੇ ਹੋ। ਫਿਰ ਤੁਸੀਂ ਬੱਚਿਆਂ ਨੂੰ ਪੁਜਾਰੀ ਤੋਂ ਪੂਜੀਏ ਦੇਵੀ - ਦੇਵਤਾ ਬਣਨਾ ਹੈ ਇਸਲਈ ਹੀ ਗਾਇਆ ਜਾਂਦਾ ਹੈ ਆਪੇ ਹੀ ਪੂਜੀਏ, ਆਪੇ ਹੀ ਪੁਜਾਰੀ। ਬਾਪ ਪੂਜੀਏ ਅਤੇ ਪੁਜਾਰੀ ਨਹੀਂ ਬਣਦੇ। ਬਾਪ ਤੇ ਸਦਾ ਪੂਜੀਏ ਹੈ ਹੀ। ਭਗਤੀ ਮਾਰਗ ਵਿੱਚ ਬ੍ਰਾਹਮਣ ਲੋਕ ਮੰਦਿਰ ਵਿੱਚ ਸ਼ਿਵਲਿੰਗ ਰੱਖਦੇ ਹਨ ਫਿਰ ਬਾਪ ਹੀ ਬੈਠ ਪੂਜਾ ਕਰਦੇ ਹਨ। ਅਸੀ ਉਨ੍ਹਾਂ ਦੇ ਬੱਚੇ ਹਾਂ। ਹੇ ਪਰਮਪਿਤਾ ਪਰਮਾਤਮਾ, ਇਵੇਂ ਕਹਿਣਗੇ ਨਾ। ਉਹ ਤੇ ਹੈ ਨਿਰਾਕਾਰ, ਆਤਮਾ ਵੀ ਹੈ ਨਿਰਾਕਾਰ। ਸ਼ਿਵ ਦੇ ਕੋਲ ਜਾਂਦੇ ਹਨ ਤਾਂ

ਕਹਿੰਦੇ ਹਨ ਪਰਮਪਿਤਾ ਪਰਮਾਤਮਾ ਨਿਰਾਕਾਰ ਸ਼ਿਵ। ਇਹ ਆਤਮਾ ਨੇ ਕਿਹਾ ਇੰਨਾਂ ਆਰਗੰਜ ਦਵਾਰਾ। ਹੁਣ ਤੁਸੀਂ ਬੱਚੇ ਇਹ ਵੀ ਜਾਣ ਗਏ ਹੋ ਕਿ ਜੋ ਚੰਗੇ ਕ੍ਰਤਵਿਆ ਕਰਕੇ ਜਾਂਦੇ ਹਨ ਤਾਂ ਉਨ੍ਹਾਂ ਦੀ ਮਹਿਮਾ ਕੀਤੀ ਜਾਂਦੀ ਹੈ। ਹੁਣ ਤੁਸੀਂ ਮਾਤ - ਪਿਤਾ ਉਸ ਨਿਰਾਕਾਰ ਨੂੰ ਹੀ ਕਹਿੰਦੇ ਹੋ। ਤੁਹਾਡੇ ਸਹਿਜ ਰਾਜਯੋਗ ਅਤੇ ਗਿਆਨ ਦੀ ਸਿੱਖਿਆ ਨਾਲ ਅਸੀ ਸੁਖ ਘਨੇਰੇ ਪਾਵਾਂਗੇ। ਉਸ ਦੇ ਲਈ ਤੁਸੀਂ ਪੁਰਸ਼ਾਰਥ ਕਰ ਰਹੇ ਹੋ। ਕਿੰਨੀ ਸਹਿਜ ਗੱਲ ਹੈ। ਤੁਸੀਂ ਪ੍ਰਜਾਪਿਤਾ ਬ੍ਰਹਮਾ ਦੇ ਬੱਚੇ ਬੀ. ਕੇ. ਪ੍ਰੈਕਟਿਕਲ ਵਿੱਚ ਹੋ, ਸਨਮੁੱਖ ਬੈਠੇ ਹੋ। ਸ਼ਿਵਬਾਬਾ ਅਤੇ ਬ੍ਰਹਮਾ ਬਾਬਾ ਦੋਵਾਂ ਦੇ ਸਾਮ੍ਹਣੇ ਹੋ। ਸ਼ਿਵਬਾਬਾ ਨੂੰ ਆਪਣਾ ਸ਼ਰੀਰ ਤੇ ਹੈ ਨਹੀਂ। ਤੁਸੀਂ ਜਾਣਦੇ ਹੋ ਸ਼ਿਵਬਾਬਾ ਇਨ੍ਹਾਂ ਦੇ ਮੁੱਖ ਦਵਾਰਾ ਰਾਜਯੋਗ ਸਿਖਲਾ ਰਹੇ ਹਨ। ਸ਼੍ਰੀਕ੍ਰਿਸ਼ਨ ਤੇ ਛੋਟਾ ਬੱਚਾ ਹੈ, ਉਹ ਕਿਵੇਂ ਕਹੇਗਾ ਕਿ ਦੇਹ ਸਮੇਤ ਦੇਹ ਦੇ ਸਾਰੇ ਸੰਬੰਧਾਂ ਨੂੰ ਭੁੱਲੋ, ਆਪਣੇ ਨੂੰ ਆਤਮਾ ਸਮਝੋ। ਇਹ ਸ਼੍ਰੀਕ੍ਰਿਸ਼ਨ ਤੇ ਕਹਿ ਨਹੀਂ ਸਕਦਾ। ਇਹ ਤਾਂ ਬਾਪ ਹੀ ਕਹਿ ਸਕਦੇ ਹਨ। ਇਹ ਬੜੀ ਭੁੱਲ ਹੋਈ ਹੈ ਨਾ। ਲਕਸ਼ਮੀ - ਨਾਰਾਇਣ ਤੋਂ ਲੈਕੇ ਜਿਵੇਂ ਰਾਜਾ - ਰਾਣੀ ਉਵੇਂ ਪ੍ਰਜਾ ਉਨ੍ਹਾਂ ਸਭਨਾਂ ਨੂੰ ਤੇ ਸੁਖ ਮਿਲਿਆ ਹੋਇਆ ਸੀ। ਉਹ ਹੀ ਸਭ 84 ਜਨਮ ਲੈ ਤਮੋਪ੍ਰਧਾਨ ਬਣੇ ਹਨ। ਮੂਲ ਲਕਸ਼ਮੀ - ਨਾਰਾਇਣ ਹੋਏ ਨਾ। ਜਿਵੇਂ ਰਾਜਾ - ਰਾਣੀ ਉਵੇਂ ਪ੍ਰਜਾ। ਹੁਣ ਫਿਰ ਤੁਸੀਂ ਆਕੇ ਸ਼ੂਦ੍ਰ ਤੋਂ ਬ੍ਰਾਹਮਣ ਬਣੇ ਹੋ। ਇਹ ਤੁਹਾਡਾ ਲੀਪ ਜਨਮ ਹੈ। ਲੀਪ ਕਿਹਾ ਜਾਂਦਾ ਹੈ ਧਰਮਾਊ ਨੂੰ। ਤੁਸੀਂ ਜਾਣਦੇ ਹੋ ਸਾਡਾ ਇਹ ਈਸ਼ਵਰੀਏ ਜਨਮ ਹੈ।

ਦਿਨ - ਪ੍ਰਤੀਦਿਨ ਬਾਬਾ ਨਵੇਂ - ਨਵੇਂ ਪੁਆਇੰਟ ਸਮਝਾਉਂਦੇ ਰਹਿੰਦੇ ਹਨ। ਪੁਆਇੰਟ ਨਿਕਲਦੇ ਰਹਿਣਗੇ, ਐਡ ਹੁੰਦੇ ਜਾਣਗੇ। ਗਿਆਨ ਯਗ ਵੀ ਅੰਤ ਤੱਕ ਚਲਣਾ ਹੈ। ਰੁਦ੍ਰ ਯਗ ਰਚਦੇ ਹਨ, ਮਿੱਟੀ ਦੇ ਸਾਲੀਗ੍ਰਾਮ ਬਣਾਕੇ ਉਨ੍ਹਾਂ ਦੀ ਬੈਠ ਪੂਜਾ ਕਰਦੇ ਹਨ। ਆਤਮਾ ਦੀ ਪੂਜਾ ਹੁੰਦੀ ਹੈ। ਤੁਸੀਂ ਜੀਵ ਆਤਮਾਵਾਂ ਨੇ ਹੀ ਭਾਰਤ ਨੂੰ ਸਿਰਤਾਜ ਬਣਾਇਆ ਹੈ, ਤਾਂ ਆਤਮਾਵਾਂ ਦੀ ਪੂਜਾ ਕਰਦੇ ਹਨ। ਪਰਮਪਿਤਾ ਪਰਮਾਤਮਾ ਬਾਪ ਦੇ ਨਾਲ ਤੁਸੀਂ ਵੀ ਸਰਵਿਸ ਕਰ ਰਹੇ ਹੋ ਤਾਂ ਸ਼ਿਵਲਿੰਗ ਦੇ ਨਾਲ ਸਾਲੀਗ੍ਰਾਮ ਵੀ ਬਣਾਉਂਦੇ ਹਨ। ਤਾਂ ਮੁੱਖ ਪਹਿਲੇ - ਪਹਿਲੇ ਬਾਪ ਦਾ ਪਰਿਚੈ ਦੇਣਾ ਹੈ। ਸ਼ਿਵਬਾਬਾ ਨੇ ਜਨਮ ਲਿਆ ਪਰ ਮਾਤਾ ਦੇ ਗਰਭ ਤੋਂ ਥੋੜੀ ਨਾ ਜਨਮ ਲੈਂਦੇ ਹਨ। ਉਹ ਹੈ ਹੀ ਨਿਰਾਕਾਰ।

ਜਿਵੇਂ ਕੋਈ ਸ਼ਰੀਰ ਛੱਡ ਦਿੰਦਾ ਹੈ ਫਿਰ ਉਨ੍ਹਾਂ ਦੀ ਆਤਮਾ ਨੂੰ ਬੁਲਾਉਂਦੇ ਹਨ - ਸ਼ਰਾਧ ਖਾਣ ਦੇ ਲਈ। ਤਾਂ ਆਤਮਾ ਨੂੰ ਖਵਾਉਂਦੇ ਹਨ ਨਾ। ਆਤਮਾ ਹੀ ਸਵਾਦ ਲੈਂਦੀ ਹੈ। ਕੜਵਾ, ਮਿੱਠਾ, ਦੁੱਖ - ਸੁਖ ਇਹ ਆਤਮਾ ਨੂੰ ਭਾਸਦਾ ਹੈ। ਆਤਮਾ ਵਿਚ ਹੀ ਸੰਸਕਾਰ ਹਨ। ਆਤਮਾ ਨੂੰ ਸੁਖ ਜਾਂ ਦੁੱਖ ਤਾਂ ਭਾਸਦਾ ਹੈ ਜਦਕਿ ਸ਼ਰੀਰ ਹੈ। ਬਾਬਾ ਨੇ ਸਮਝਾਇਆ ਹੈ ਸਜਾ ਕਿਵੇਂ ਮਿਲਦੀ ਹੈ। ਸੂਖਸ਼ਮ ਸ਼ਰੀਰ ਵੀ ਨਹੀਂ, ਸਥੂਲ ਸ਼ਰੀਰ ਧਾਰਨ ਕਰਵਾ ਕੇ ਸਜਾ ਦਿੰਦੇ ਹਨ। ਗਰਭ ਜੇਲ੍ਹ ਵਿਚ ਸਜਾ ਖਾਂਦੇ ਹਨ। ਤ੍ਰਾਹੀ - ਤ੍ਰਾਹੀ ਕਰਦੇ ਹਨ। ਬਸ, ਮੈਨੂੰ ਬਾਹਰ ਕੱਢੋ। ਗਰਭ ਮਹਿਲ ਦਾ ਵੀ ਮਿਸਾਲ ਦਿੱਤਾ ਹੋਇਆ ਹੈ। ਬਾਹਰ ਨਿਕਲਣਾ ਨਹੀਂ ਚਾਹੁੰਦੇ ਸਨ। ਇਹ ਦ੍ਰਿਸਟਾਂਤ ਹੈ। ਸਤਿਯੁਗ ਵਿੱਚ ਗਰਭ ਵੀ ਮਹਿਲ ਬਣ ਜਾਂਦਾ ਹੈ। ਉੱਥੇ ਕੋਈ ਪਾਪ ਹੁੰਦਾ ਨਹੀਂ।

ਹੁਣ ਤੁਸੀਂ ਜਾਣਦੇ ਹੋ ਪਤਿਤ ਕਿਵੇਂ ਹੋਏ ਹਨ। ਨਾਮ ਹੀ ਹੈ ਅਜਾਮਿਲ ਜਿਹੇ ਪਤਿਤ। ਬਹੁਤ ਪਾਪ ਕਰਦੇ ਹਨ। ਪਾਵਨ ਮਾਨਾ ਨਿਰਵਿਕਾਰੀ। ਮੂਲ ਗੱਲ ਹੀ ਵਿਕਾਰ ਦੀ ਹੈ ਇਸਲਈ ਪਾਵਨ ਬਣਨ ਦੇ ਲਈ ਸੰਨਿਆਸੀ ਘਰ ਬਾਰ ਛੱਡ ਦਿੰਦੇ ਹਨ ਤਾਂ ਉਨ੍ਹਾਂ ਨੂੰ ਮਹਾਤਮਾ ਕਹਿੰਦੇ ਹਨ। ਮਨੁੱਖ ਸਾਰੇ ਪਤਿਤ ਹਨ ਇਸਲਈ ਗਾਉਂਦੇ ਰਹਿੰਦੇ ਹਨ ਪਤਿਤ - ਪਾਵਨ ਸੀਤਾ ਰਾਮ, ਰਘੁਪਤਿ ਰਾਘਵ ਰਾਜਾ ਰਾਮ… ਹੁਣ ਰਾਜਾ ਰਾਮ ਤਾਂ ਸ਼ਿਵਬਾਬਾ ਨੂੰ ਨਹੀਂ ਕਹਾਂਗੇ। ਰਾਮ ਪਰਮਪਿਤਾ ਪਰਮਾਤਮਾ ਨੂੰ ਕਿਹਾ ਜਾਂਦਾ ਹੈ। ਰਾਜਾ ਰਾਮ ਨਹੀਂ। ਮੈਂ ਤਾਂ ਰਾਜਾ ਮਹਾਰਾਜਾ ਬਣਦਾ ਨਹੀਂ ਹਾਂ। ਸ਼੍ਰੀ ਲਕਸ਼ਮੀ ਮਹਾਰਾਣੀ, ਨਾਰਾਇਣ ਮਹਾਰਾਜਾ ਤੁਸੀਂ ਬਣਦੇ ਹੋ, ਅਸੀਂ ਨਹੀਂ। ਮੈਂ ਤਾਂ ਨਿਰਾਕਾਰ ਪੁਨਰਜਨਮ ਰਹਿਤ ਹਾਂ। ਸ਼ਰੀਰਧਾਰੀ ਜੋ ਹਨ ਉਹ ਪੁਨਰਜਨਮ ਲੈਂਦੇ ਰਹਿੰਦੇ ਹਨ। ਬਾਪ ਕਹਿੰਦੇ ਹਨ ਮੈਂ ਹਾਂ ਨਿਰਾਕਾਰ। ਮੈਨੂੰ ਵੀ ਪ੍ਰਕ੍ਰਿਤੀ ਦਾ ਆਧਾਰ ਲੈਣਾ ਪੈਂਦਾ ਹੈ

ਮੈਂ ਗਰਭ ਵਿਚ ਪ੍ਰਵੇਸ਼ ਨਹੀਂ ਕਰਦਾ ਹਾਂ, ਮੈਂ ਇਨ੍ਹਾਂ ਵਿਚ ਪ੍ਰਵੇਸ਼ ਕਰਦਾ ਹਾਂ। ਇਹ ਆਪਣੇ ਜਨਮਾਂ ਨੂੰ ਨਹੀਂ ਜਾਣਦੇ ਹਨ।

ਬਾਪ ਬੈਠ ਸਮਝਾਉਂਦੇ ਹਨ ਤੁਸੀਂ ਸੋ ਦੇਵੀ - ਦੇਵਤਾ ਸੀ, ਫਿਰ ਸ਼ੂਦ੍ਰ ਬਣੇ, ਹਨ ਤੁਸੀਂ ਸੋ ਬ੍ਰਾਹਮਣ ਬਣੇ ਹੋ। ਮੈਂ ਤੁਹਾਨੂੰ ਸਮਝਾਉਂਦਾ ਹਾਂ। ਤੁਸੀਂ ਆਪਣੇ ਜਨਮਾਂ ਨੂੰ ਨਹੀਂ ਜਾਣਦੇ। ਜੋ ਬ੍ਰਾਹਮਣ ਬਣਨਗੇ ਉਹ ਹੀ ਆਕੇ ਸਮਝਣਗੇ। ਬਾਪ ਕਹਿੰਦੇ ਹਨ ਇਸ ਤਰ੍ਹਾਂ ਤੁਸੀਂ 84 ਜਨਮ ਪੂਰੇ ਕੀਤੇ ਹਨ। ਕਿਹਾ ਜਾਂਦਾ ਹੈ 21 ਪੀੜ੍ਹੀ ਦਾ ਵਰਸਾ। ਬੇਹੱਦ ਦਾ ਬਾਪ, ਬੇਹੱਦ ਸੁਖ ਦਾ ਵਰਸਾ ਦੇਣਗੇ ਨਾ। ਲੌਕਿਕ ਬਾਪ ਤੋਂ ਤਾਂ ਅਲਪਕਾਲ ਦਾ ਸੁਖ ਮਿਲਦਾ ਹੈ। ਅਮਰਲੋਕ ਵਿੱਚ ਆਦਿ - ਮਧ - ਅੰਤ ਸੁਖ ਹੈ। ਇੱਥੇ ਆਦਿ - ਮਧ - ਅੰਤ ਦੁੱਖ ਹੈ। ਤੁਸੀਂ ਪਾਰਵਤੀਆਂ ਨੂੰ ਅਮਰਨਾਥ ਸ਼ਿਵਬਾਬਾ ਅਮਰਕਥਾ ਸੁਣਾਉਂਦੇ ਹਨ। ਸਤ ਨਰਾਇਣ ਦੀ ਕਥਾ ਵੀ ਉਹ ਸੁਣਾਉਂਦੇ ਹਨ। ਗਿਆਨ ਦਾ ਤੀਸਰਾ ਨੇਤ੍ਰ ਦੇਣ ਦੀ ਕਥਾ ਹੈ। ਭਾਰਤਵਾਸੀ ਸਦਾ ਸੁਖੀ ਸਨ, ਬਹੁਤ ਪਵਿਤ੍ਰ ਸਨ। ਪਵਿਤ੍ਰਤਾ, ਹੈਲਥ, ਵੈਲਥ ਸੀ। ਕਦੇ ਕੋਈ ਬਿਮਾਰ ਨਹੀਂ ਪੈਂਦੇ ਸਨ। ਨਾਮ ਹੀ ਹੈ ਸਵਰਗ। ਭਾਰਤ ਪ੍ਰਾਚੀਨ ਸਵਰਗ ਸੀ ਹੋਰ ਕੋਈ ਧਰਮ ਖੰਡ ਆਦਿ ਉੱਥੇ ਨਹੀਂ ਸਨ। ਝਾੜ ਦਾ ਥੁਰ ਤਾਂ ਹੋਵੇਗਾ ਨਾ। ਥੁਰ ਵਿੱਚ ਕੌਣ ਰਹਿੰਦੇ ਸਨ? ਬਰੋਬਰ ਦੇਵੀ - ਦੇਵਤਿਆਂ ਦੇ ਚਿੱਤਰ ਹਨ। ਉਹ ਦੀ ਫਾਉਂਡੇਸ਼ਨ। ਪ੍ਰੰਤੂ ਆਪਣੇ ਨੂੰ ਦੇਵੀ - ਦੇਵਤਾ ਧਰਮ ਦੇ ਕਹਾਉਂਦੇ ਨਹੀਂ। ਹੁਣ ਉਨ੍ਹਾਂ ਦੀ ਰਾਜਧਾਨੀ ਸਥਾਪਨ ਹੋ ਰਹੀ ਹੈ। ਤੁਸੀਂ ਸਤਿਯੁਗ ਦਾ, ਰਾਧੇ, ਕ੍ਰਿਸ਼ਨ ਦਾ ਜੋੜਾ ਬਣ ਸਕਦੇ ਹੋ! ਆਓ ਤੇ ਅਸੀਂ ਤੁਹਾਨੂੰ ਸਮਝਾਈਏ - ਤੁਸੀਂ ਸੱਚ - ਸੱਚ ਸਵਰਗ ਦਾ ਪ੍ਰਿੰਸ ਕਿਵੇਂ ਬਣ ਸਕਦੇ ਹੋ! ਇਸ ਵੇਲੇ ਤਾਂ

ਸਾਰੇ ਪਤਿਤ ਹਨ, ਕਿਸੇ ਵੀ ਯੁਕਤੀ ਨਾਲ ਲਿਖ ਸਕਦੇ ਹੋ। ਕਹਿੰਦੇ ਹਨ ਸਭ ਧਰਮ ਮਿਲਕੇ ਇੱਕ ਹੋ ਜਾਣ ਪ੍ਰੰਤੂ ਇਹ ਕਿਵੇਂ ਹੋ ਸਕਦਾ ਹੈ? ਇੱਕ ਧਰਮ ਤਾਂ ਸਤਿਯੁਗ ਵਿੱਚ ਹੀ ਸੀ, ਇੱਕ ਮਤ ਇੱਕ ਭਾਸ਼ਾ ਸੀ। ਤਾਲੀ ਨਹੀਂ ਵਜਦੀ ਸੀ। ਵਿਸ਼ਵ ਦੇ ਮਾਲਿਕ ਸਨ, ਹੋਰ ਕੋਈ ਧਰਮ ਨਹੀਂ ਸੀ। ਉਹ ਕਿਵੇਂ ਬਣੇ, ਫਿਰ ਹੋਰ ਧਰਮ ਕਿਵੇਂ ਆਉਣ - ਇਹ ਕੋਈ ਵੀ ਬੁੱਧੀ ਨਹੀਂ ਚਲਾਉਂਦੇ ਹਨ। ਜਦੋ ਬਿਲਕੁਲ ਹੀ ਪਤਿਤ ਬਣ ਜਾਂਦੇ ਹਨ ਤਾਂ ਹੀ ਪਤਿਤ - ਪਾਵਨ ਬਾਪ ਆਉਂਦੇ ਹਨ ਹੋਰ ਧਰਮਾਂ ਦੀਆਂ ਪਾਵਨ ਆਤਮਾਵਾਂ ਉਪਰ ਤੋਂ ਆਉਂਦੀਆਂ ਹਨ। ਪਹਿਲੇ ਧਰਮ ਸਥਾਪਕ ਖੁਦ ਆਉਂਦੇ ਹਨ ਫਿਰ ਆਪਣੇ ਪਿੱਛੇ ਹੋਰਾਂ ਨੂੰ ਬੁਲਾਉਂਦੇ ਹਨ, ਆਓ। ਉਨ੍ਹਾਂ ਨੂੰ ਤੇ ਸਤੋ, ਰਜੋ, ਤਮੋ ਵਿੱਚ ਆਉਣਾ ਹੈ। ਜੋ ਵੀ ਆਉਂਦੇ ਹਨ ਸਭ ਨੂੰ ਸਤੋ, ਰਜੋ, ਤਮੋ ਬਣਨਾ ਹੀ ਹੈ। ਲੇਕਿਨ ਹੁਣ ਤੁਸੀ ਪਤਿਤ ਤੋਂ ਪਾਵਨ ਬਣਦੇ ਹੋ। ਸਭ ਬੁਲਾਉਂਦੇ ਹਨ - ਗੌਡ ਫਾਦਰ ਆਓ, ਆਕਰ ਕੇ ਸਾਨੂੰ ਹੇਵਿਨ ਵਿੱਚ ਲੈ ਜਾਵੋ। ਓਹ ਹੇਵਿਨ ਕੋਈ ਮੁਕਤੀ ਨੂੰ, ਕੋਈ ਜੀਵਨਮੁਕਤੀ ਨੂੰ ਸਮਝਦੇ ਹਨ। ਤੁਸੀਂ ਸਮਝਦੇ ਹੋ ਹੇਵਿਨ ਜੀਵਨਮੁਕਤੀ ਨੂੰ ਕਿਹਾ ਜਾਂਦਾ ਹੈ। ਤੁਹਾਡਾ ਸੈਪਲਿੰਗ ਲੱਗ ਰਿਹਾ ਹੈ। ਉਹ ਫਿਰ ਜੰਗਲ ਦੇ ਕੰਡਿਆਂ ਦਾ ਸੈਪਲਿੰਗ ਲਗਾ ਰਹੇ ਹਨ। ਰਾਤ - ਦਿਨ ਦਾ ਫਰਕ ਹੈ। ਉਨ੍ਹਾਂ ਦਾ ਵੀ ਉੱਤਸਵ ਮਨਾਉਂਦੇ ਹਨ। ਵਨੋਤਸਵ, ਝਾੜ ਉਗਾਉਣ ਦੇ ਲਈ ਉੱਤਸਵ ਮਨਾਉਂਦੇ ਹਨ। ਤੁਸੀਂ ਦੈਵੀਧਰਮ ਸਥਾਪਨਾ ਦਾ ਮਤਲਬ ਭਾਰਤ ਨੂੰ ਸਵਰਗ ਬਨਾਉਣ ਦਾ ਰੋਜ ਉੱਤਸਵ ਮਨਾਉਂਦੇ ਹੋ। ਰੋਜ਼ ਮਨੁੱਖ ਤੋਂ ਦੇਵਤਾ ਬਨਾਉਣ ਦਾ ਪੁਰਸ਼ਾਰਥ ਕਰਦੇ ਹੋ। ਕੰਡਿਆਂ ਤੋਂ ਫੁੱਲ ਬਨਾਉਣਾ - ਇਹ ਤੁਹਾਡਾ ਰੋਜ਼ ਦਾ ਉੱਤਸਵ ਹੁੰਦਾ ਹੈ। ਬਾਗਵਾਨ ਫਿਰ ਇਤਨਾ ਇਨਾਮ ਵੀ ਦੇਣਗੇ।

ਬੱਚਿਆਂ ਨੇ ਗੀਤ ਸੁਣਿਆ - ਹੇ ਪ੍ਰਾਣੀ ਆਪਣੇ ਦਿਲ ਦਰਪਣ ਵਿੱਚ ਵੇਖੋ - ਤੁਸੀਂ ਸਵਰਗ ਦੇ ਦੇਵੀ - ਦੇਵਤਾ ਬਣਨ ਅਤੇ ਲਕਸ਼ਮੀ ਨੂੰ ਵਰਣ ਦੇ ਲਾਇਕ ਬਣੇ ਹੋ? ਕੋਈ ਅਵਗੁਣ ਤੇ ਨਹੀਂ ਹਨ? ਭਾਵੇਂ ਤੂਫ਼ਾਨ ਤਾਂ ਖੂਬ ਆਉਣਗੇ। ਮਾਇਆ ਛੱਡਦੀ ਕਿਸੇ ਨੂੰ ਨਹੀਂ ਹੈ। ਵੱਡੇ - ਵੱਡੇ ਦੀਵਿਆਂ ਨੂੰ ਵੀ ਬੁਝਾ ਦਿੰਦੀ ਹੈ। ਉਲਟੇ - ਸੁਲਟੇ ਸੰਕਲਪ ਤਾਂ ਖੂਬ ਵਾਰ ਕਰਨਗੇ। ਮਜਬੂਤ ਰਹਿਣਾ ਹੈ। ਇਸ ਵਿੱਚ ਮੁਰਝਾਉਣ ਦੀ ਗੱਲ ਨਹੀਂ ਹੈ। ਬਾਪ ਨਾਲ ਯੋਗ ਤੋੜ ਨਹੀਂ ਦੇਣਾ ਹੈ। ਸਭ ਦਾ ਖਵਈਆ ਉਹ ਬਾਪ ਹੈ। ਵਿਸ਼ੇ ਵੈਤਰਨੀ ਦੀ ਵੱਡੀ ਖਾੜੀ ਹੈ। ਉਸ ਨੂੰ ਤੁਸੀਂ ਯੋਗਬਲ ਨਾਲ ਪਾਰ ਕਰਦੇ ਹੋ। ਵਿਸ਼ੇ ਸਾਗਰ ਤੋਂ ਪਾਰ ਹੋਕੇ ਤੁਸੀਂ ਸ਼ੀਰਸਾਗਰ ਵਿਚ ਚਲੇ ਜਾਵੋਗੇ। ਵਿਸ਼ਨੂੰ ਦਾ ਰਾਜ ਸ਼ੀਰਸਾਗਰ ਵਿਚ ਹੈ ਮਤਲਬ ਘਿਓ ਦੀ ਨਹਿਰ ਵਗਦੀ ਹੈ। ਇੱਥੇ ਤਾਂ ਘਾਸਲੇਟ ਦੀ, ਖ਼ੂਨ ਦੀਆਂ ਨਦੀਆਂ ਵਗਦੀਆਂ ਹਨ।

ਤੁਸੀਂ ਬੱਚੇ ਜਾਣਦੇ ਹੋ ਸ਼ਿਵਬਾਬਾ ਦੀ ਸ਼੍ਰੀਮਤ ਨਾਲ ਅਸੀਂ ਸ਼ਿਵਾਲੇ ਵਿੱਚ ਜਾ ਰਹੇ ਹਾਂ, ਜਿੱਥੇ ਅਸੀਂ ਸਦਾ ਸੁਖੀ ਰਹਾਂਗੇ, ਮਾਇਆ ਨੇ ਦੁਖੀ ਬਣਾਇਆ ਹੈ। ਗ੍ਰਹਿਸਥ ਵਿਵਹਾਰ ਨੂੰ ਅਧਰਮੀ ਬਣਾ ਦਿੱਤਾ ਹੈ। ਉੱਥੇ ਹੈ ਗ੍ਰਹਿਸਥ ਵਿਵਹਾਰ ਧਰਮੀ। ਹੁਣ ਬਾਪ ਤੁਹਾਨੂੰ ਸ੍ਰੇਸ਼ਠਾਚਾਰੀ ਦੈਵੀ ਗ੍ਰਹਿਸਥ ਧਰਮ ਵਾਲਾ ਬਣਾ ਰਹੇ ਹਨ। ਪਹਿਲੇ - ਪਹਿਲੇ ਮੁੱਖ ਹੈ ਬਾਪ ਦਾ ਪਰਿਚੈ। ਤੁਸੀਂ ਬਾਪ ਦਾ ਬਣਨ ਨਾਲ ਸਵਰਗ ਦੇ ਮਾਲਿਕ ਬਣ ਸਕਦੇ ਹੋ। ਇਹ ਤਾਂ ਦੁੱਖਧਾਮ ਹੈ। ਤੁਸੀਂ ਸਵਰਗ ਵਿਚ ਜਾਂਦੇ ਹੋ ਵਾਇਆ ਮੁਕਤੀਧਾਮ ਇਸਲਈ ਸ਼ਿਵਪੁਰੀ, ਵਿਸ਼ਨੂੰਪੁਰੀ ਨੂੰ ਯਾਦ ਕਰੋ। ਯਾਦ ਕਰਦੇ - ਕਰਦੇ ਅੰਤ ਮਤੀ ਸੋ ਗਤੀ ਹੋ ਜਾਵੇਗੀ। ਇਹ ਯਾਦ ਰੱਖੋ - ਸਾਡੇ 84 ਜਨਮ ਪੂਰੇ ਹੋਏ। ਫਿਰ ਅਸੀਂ ਕਲ ਆਕੇ ਰਾਜ ਕਰਾਂਗੇ, ਦਿਲ ਦਰਪਣ ਵਿੱਚ ਆਪਣੀ ਸ਼ਕਲ ਵੇਖਦੇ ਰਹੋ, ਕੋਈ ਅਵਗੁਣ ਤੇ ਸਾਡੇ ਵਿੱਚ ਨਹੀਂ ਹੈ? ਅੱਛਾ!

ਮਿੱਠੇ- ਮਿੱਠੇ ਸਿੱਕੀਲਧੇ ਬੱਚਿਆਂ ਪ੍ਰਤੀ ਪਿਤਾ ਬਾਪਦਾਦਾ ਦਾ ਯਾਦ ਪਿਆਰ ਅਤੇ ਗੁੱਡਮੋਰਨਿੰਗ। ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਧਾਰਨਾ ਲਈ ਮੁੱਖ ਸਾਰ:-

**1.** ਯੋਗਬੱਲ ਨਾਲ ਵਿਸ਼ੇ ਵੈਤਰਨੀ ਦੀ ਵੱਡੀ ਖਾੜੀ ਨੂੰ ਪਾਰ ਕਰਨਾ ਹੈ। ਉਲਟੇ ਸੰਕਲਪਾਂ ਵਿੱਚ ਮੁਰਝਾਉਣਾ ਨਹੀਂ ਹੈ। ਮਜਬੂਤ ਰਹਿਣਾ ਹੈ।

**2.** ਪੁਜਨੀਏ ਬਣਨ ਦੇ ਲਈ ਬਾਪ ਦੇ ਨਾਲ ਭਾਰਤ ਨੂੰ ਸਿਰਤਾਜ ਬਨਾਉਣ ਦੀ ਸੇਵਾ ਕਰਨੀ ਹੈ।

ਵਰਦਾਨ:- ਟਰੱਸਟੀ ਬਣ ਲੌਕਿਕ ਜਿੰਮੇਵਾਰੀਆਂ ਨੂੰ ਨਿਭਾਉਂਦੇ ਹੋਏ ਅਥਕ ਰਹਿਣ ਵਾਲੇ ਡਬਲ ਲਾਈਟ ਭਵ।

ਲੌਕਿਕ ਜਿੰਮੇਵਾਰੀਆਂ ਨੂੰ ਨਿਭਾਉਂਦੇ ਹੋਏ ਸੇਵਾ ਦੀ ਵੀ ਜਿੰਮੇਵਾਰੀ ਨਿਭਾਉਣਾ ਇਸ ਦਾ ਡਬਲ ਲਾਭ ਮਿਲਦਾ ਹੈ। ਡਬਲ ਜਿੰਮੇਵਾਰੀ ਹੈ ਤਾਂ ਡਬਲ ਪ੍ਰਾਪਤੀ ਹੈ। ਲੇਕਿਨ ਡਬਲ ਜਿੰਮੇਵਾਰੀ ਹੁੰਦੇ ਵੀ ਡਬਲ ਲਾਈਟ ਰਹਿਣ ਦੇ ਲਈ ਖੁਦ ਨੂੰ ਟਰੱਸਟੀ ਸਮਝਕੇ ਜਿੰਮੇਵਾਰੀ ਸੰਭਾਲੋ ਤਾਂ ਥਕਾਵਟ ਦਾ ਅਨੁਭਵ ਨਹੀਂ ਹੋਵੇਗਾ। ਜੋ ਆਪਣੀ ਗ੍ਰਹਿਸਥੀ ਆਪਣੀ ਪ੍ਰਵ੍ਰਤੀ ਸਮਝਦੇ ਹਨ ਉਨ੍ਹਾਂ ਨੂੰ ਬੋਝ ਦਾ ਅਨੁਭਵ ਹੁੰਦਾ ਹੈ। ਆਪਣਾ ਹੈ ਹੀ ਨਹੀਂ ਤਾਂ ਬੋਝ ਕਿਸ ਗੱਲ ਦਾ।

ਸਲੋਗਨ:- ਸਦਾ ਗਿਆਨ ਸੂਰਜ ਦੇ ਸਨਮੁੱਖ ਰਹੋ ਤਾਂ ਭਾਗ ਰੂਪੀ ਪਰਛਾਈ ਤੁਹਾਡੇ ਨਾਲ ਰਹੇਗੀ।

******